# ਸਾਹਿਤ ਅਕਾਦਮੀ ਦਾ ਸਭ ਤੋਂ ਵੱਡਾ 6 ਰੋਜ਼ਾ ਸਾਹਿਤ ਉੱਤਸਵ 11 ਮਾਰਚ ਤੋਂ

## ਸਾਹਿਤ ਅਕਾਦਮੀ ਪੁਰਸਕਾਰ 2022 ਵੰਡ ਸਮਾਰੋਹ ਕਮਾਨੀ ਆਡੀਟੋਰੀਅਮ 'ਚ ਹੋਵੇਗਾ ਭੱਲਕੇ • 40 ਤੋਂ ਵਧੇਰੇ ਪ੍ਰੋਗਰਾਮਾਂ 'ਚ 400 ਲੇਖਕ ਤੇ ਵਿਦਵਾਨ ਵਿਸ਼ੇਸ਼ ਤੌਰ 'ਤੇ ਭਾਗ ਲੈਣਗੇ

ਨਵੀਂ ਦਿੱਲੀ, 9 ਮਾਰਚ (ਸੁਖਰਾਜ ਸਿੰਘ): ਸਾਹਿਤ ਅਕਾਦਮੀ ਵਲੋਂ ਹਰ ਸਾਲ ਆਯੋਜਿਤ ਕੀਤਾ ਜਾਂਦਾ ਸਾਹਿਤ ਉਤਸਵ ਇਸ ਵਾਰ ਆਪਣੇ ਸਭ ਤੋਂ ਵੱਡੇ ਰੂਪ ਵਿਚ ਦਿੱਲੀ ਅਤੇ ਰਾਸ਼ਟਰੀ ਰਾਜਧਾਨੀ ਖੇਤਰ ਦੇ ਨਿਵਾਸੀਆਂ ਲਈ ਪ੍ਰਸਤੁਤ ਹੋਵੇਗਾ। ਇਸ 6 ਰੋਜ਼ਾ ਉਤਸਵ ਵਿਚ 400 ਤੋਂ ਵਧੇਰੇ ਰਚਨਾਕਾਰ 40 ਤੋਂ ਵਧੇਰੇ ਪ੍ਰੋਗਰਾਮਾਂ ਵਿਚ ਭਾਗ ਲੈ ਕੇ ਲਗਭਗ 60 ਭਾਸ਼ਾਵਾਂ ਦਾ ਪ੍ਰਤੀਨਿਧ ਕਰਨਗੇ। ਸਾਹਿਤ ਉਤਸਵ ਦੀ ਸ਼ੁਰੂਆਤ ਅਕਾਦਮੀ ਦੀਆਂ ਸਾਲ ਭਰ ਦੀਆਂ ਸਰਗਰਮੀਆਂ ਦੀ ਪ੍ਰਦਰਸ਼ਨੀ ਨਾਲ ਹੋਏਗਾ ਜਿਸ ਦਾ ਉਦਘਾਟਨ ਸਭਿਆਚਾਰ ਰਾਜ ਮੰਤਰੀ ਸ਼੍ਰੀ ਅਰਜਨ ਰਾਮ ਮੇਘਵਾਲ ਕਰਨਗੇ।ਸਾਹਿਤ ਉਤਸਵ ਦਾ ਮੁੱਖ ਆਕਰਸ਼ਣ ਸਾਹਿਤ ਅਕਾਦਮੀ ਪੁਰਸਕਾਰ 2022 ਵੰਡ ਸਮਾਰੋਹ 11 ਮਾਰਚ ਨੂੰ ਸ਼ਾਮ 5:30 ਵੱਜੇ ਕਮਾਨੀ ਆਡੀਟੋਰੀਅਮ ਵਿਚ ਹੋਵੇਗਾ।ਇਸ ਸਮਾਰੋਹ ਦੇ ਮੁਖ ਮਹਿਮਾਨ ਉਘੇ ਅੰਗਰੇਜ਼ੀ ਲੇਖਕ ਅਤੇ ਵਿਦਵਾਨ ਉਪਮਨਯੂ ਚੈਟਰਜੀ ਹੋਣਗੇ।ਮਹੱਤਵਪੂਰਣ ਸਮਵਸਤਰ ਭਾਸ਼ਣ, ਭਾਰਤ ਦੇ ਸਾਬਕਾ ਚੀਫ ਜਸਟਿਸ ਦੀਪਕ ਮਿਸ਼ਰਾ ਵਲੋਂ ਦਿੱਤਾ ਜਾਵੇਗਾ।ਹੋਰ ਪ੍ਰੋਗਰਾਮਾਂ ਵਿਚ 7 ਲੇਖਕ ਸੰਮੇਲਨ, 15 ਰਚਨਾ-ਪਾਠ ਪ੍ਰੋਗਰਾਮ, 13 ਵਿਚਾਰ ਚਰਚਾ ਪ੍ਰੋਗਰਾਮਾਂ ਤੋਂ ਇਲਾਵਾ ਨਾਰੀ ਚੇਤਨਾ, ਅਸਮਿਤਾ, ਕਥਾ-ਸੰਧੀ, ਲੇਖਕ ਨਾਲ ਮੁਲਾਕਾਤ ਅਤੇ ਵਿਅਕਤੀ ਤੇ ਰਚਨਾ ਵਰਗੇ ਨਵੇਂ ਪ੍ਰੋਗਰਾਮ ਜੋੜੇ ਗਏ ਹਨ। ਬੱਚਿਆਂ ਲਈ ਵਿਸ਼ੇਸ਼ ਪ੍ਰੋਗਰਾਮਾਂ ਦੇ ਨਾਲ-ਨਾਲ ਸਭਿਆਚਾਰਕ ਸਰਗਰਮੀਆਂ ਵੀ ਉਤਸਵ ਦਾ ਵਿਸ਼ੇਸ਼ ਆਕਰਸ਼ਣ ਹੋਣਗੀਆਂ।ਇਹ ਜਾਣਕਾਰੀ ਦਿੰਦਿਆਂ ਅਕਾਦਮੀ ਦੇ ਸਕੱਤਰ ਸ਼੍ਰੀ ਨਿਵਾਸ ਰਾਓ ਨੇ ਦੱਸਿਆ ਕਿ ਇਸ ਸਾਲ ਦਾ ਸਹਿਤ ਉਤਸਵ ਭਾਰਤੀ ਸਾਹਿਤ ਅਤੇ ਸਭਿਆਚਾਰ ਦੀ ਏਕਤਾ ਵਿਸ਼ੇ 'ਤੇ ਕੇਂਦਰਿਤ ਹੈ। ਪਿਛਲੇ ਸਾਲਾਂ ਵਿਚ ਹੋਏ ਪ੍ਰੋਗਰਾਮ ਜਿਵੇਂ ਪੂਰਵੋਤਰੀ, ਆਦਿ ਵਾਸੀ ਸੰਮੇਲਨ, ਯੁਵਾ ਸਾਹਿਤੀ, ਆਓ ਕਹਾਣੀ ਬੁਣੀਏ, ਐਲ.ਜੀ.ਬੀ.ਟੀ ਕਿਊ ਸੰਮੇਲਨ ਅਤੇ ਰਾਸ਼ਟਰੀ ਸੈਮੀਨਾਰ ਦੇ ਇਲਾਵਾ ਇਸ ਵਾਰ ਕੁਝ ਨਵੇਂ ਵਿਸ਼ੇ ਵੀ ਜੋੜੇ ਗਏ ਹਨ, ਜਿਵੇਂ ਜੀ-20 ਨੂੰ ਕੇਂਦਰ ਵਿਚ ਰੱਖਦੇ ਹੋਏ ਇਕ ਧਰਤੀ, ਇਕ ਪਰਿਵਾਰ, ਇਕ ਭਵਿੱਖ ਵਿਸ਼ੇ 'ਤੇ ਸਰਬ ਭਾਰਤੀ ਕਵੀ ਸੰਮੇਲਨ, ਸਿੱਖਿਆ ਅਤੇ ਸਿਰਜਨਾਤਮਿਕਤਾ, ਵਿਚਾਰਕਤਾ ਤੇ ਸਾਹਿਤਕਤਾ, ਸਾਹਿਤ ਅਤੇ ਨਾਰੀ ਸਸ਼ਕਤੀਕਰਨ 'ਤੇ ਵਿਸ਼ੇਸ਼ ਚਰਚਾ ਹੋਵੇਗੀ।ਰਾਸ਼ਟਰੀ ਸੈਮੀਨਾਰ ਦਾ ਵਿਸ਼ਾ 'ਮਹਾਂਕਾਵਿ ਦੀਆਂ ਸਿਮਰਤੀਆਂ, ਭਾਰਤੀ ਸੁਤੰਤਰਤਾ ਅੰਦੋਲਨ ਅਤੇ ਰਾਸ਼ਟਰ ਨਿਰਮਾਣ' ਹੋਵੇਗਾ। ਪ੍ਰਸਿੱਧ ਹਿੰਦੀ ਕਵੀ, ਆਲੋਚਕ ਅਤੇ ਅਕਾਦਮੀ ਫੈਲੋ ਵਿਸ਼ਵਨਾਥ ਪ੍ਰਸਾਦ ਤਿਵਾੜੀ ਇਸ ਦਾ ਉਦਘਾਟਨ ਕਰਨਗੇ, ਜਦਕਿ ਪ੍ਰਸਿੱਧ ਸਿਧਾਂਤਕਾਰ ਅਤੇ ਆਲੋਚਕ ਅਸ਼ੀਸ਼ ਨੰਦੀ ਬੀਜ ਭਾਸ਼ਣ ਦੇਣਗੇ।ਮਾਤ ਭਾਸ਼ਾ ਦੇ ਮਹੱਤਵ ਨੂੰ ਧਿਆਨ ਵਿਚ ਰੱਖਦੇ ਹੋਏ ਮਾਤ ਭਾਸ਼ਾ ਦੇ ਮਹੱਤਵ ਤੇਭਾਰਤ ਵਿਚ ਆਦਿ ਵਾਸੀਆਂ ਦੇ ਮਹਾਂਕਾਵਿ, ਸੰਸ੍ਰਿਕਤ ਭਾਸ਼ਾ ਅਤੇ ਭਾਰਤੀ ਸੰਸਕ੍ਰਿਤੀ ਉਤੇ ਵੀ ਸੰਗੋਸ਼ਟੀ ਰੱਖੀ ਗਈ ਹੈ। ਕੁਝ ਹੋਰ ਵਿਸ਼ੇਸ਼ ਪ੍ਰੋਗਰਾਮ ਜਿਵੇਂ ਵਿਅਕਤੀ ਅਤੇ ਰਚਨਾ ਵਿਚ ਉਘੇ ਸਮਾਜ ਸੁਧਾਰਕ ਅਤੇ ਨੋਬੇਲ ਇਨਾਮ ਜੇਤੂ ਕੈਲਾਸ਼ ਸਤਿਆਰਥੀ ਅਤੇ ਮੰਨੇ-ਪ੍ਰਮੰਨੇ ਉਦਯੋਗਪਤੀ ਸੁਨੀਲ ਕਾਂਤ ਮੁੰਜਾਲ, ਕਥਾ ਸੰਧੀ ਪ੍ਰੋਗਰਾਮ ਵਿਚ ਉਘੇ ਉਰਦੂ ਲੇਖਕ ਅਬਦੁਸ ਸਮਦ, ਲੇਖਕ ਨਾਲ ਮੁਲਾਕਾਤ ਵਿਚ ਮਸ਼ਹੂਰ ਮੈਥਿਲੀ ਅਤੇ ਹਿੰਦੀ ਲੇਖਿਕਾ ਊਸ਼ਾ ਕਿਰਨ ਮੌਜੂਦ ਹੋਣਗੇ। ਸਾਹਿਤ ਉਤਸਵ ਵਿਚ ਕਜ਼ਾਕਸਤਾਨ ਤੋਂ ਆਏ ਲੇਖਕ ਵੀ ਸ਼ਿਰਕਤ ਕਰਨਗੇ ਅਤੇ ਇਸ ਉਤਸਵ ਦੀ ਪੂਰੀ ਪ੍ਰਕਿਰਿਆ ਨੂੰ ਦੇਖਣਗੇ।ਇੰਡੋ-ਕਜ਼ਾਕ ਲੇਖਕ ਸੰਮੇਲਨ ਅਤੇ ਵਿਦੇਸ਼ਾਂ ਵਿਚ ਭਾਰਤੀ ਸਾਹਿਤ ਬਾਰੇ ਵੀ ਚਰਚਾ ਹੋਵੇਗੀ।ਰੋਜ਼ਾਨਾ ਸਾਹਿਤ ਅਕਾਦੇਮੀ ਵਲੋਂ ਪ੍ਰਕਾਸ਼ਿਤ ਪੁਸਤਕਾਂ ਦੀ ਪ੍ਰਦਰਸ਼ਨੀ ਅਤੇ ਆਕਰਸ਼ਕ ਛੋਟ 'ਤੇ ਪੁਸਤਕਾਂ ਵਿਕਰੀ ਲਈ ਉਪਲਬਧ ਹੋਣਗੀਆਂ।ਇਸ ਉਤਸਵ ਵਿਚ ਕੁਝ ਮੰਨੇ-ਪ੍ਰਮੰਨੇ ਸਾਹਿਤਕਾਰ, ਲੇਖਕ, ਨਾਟਕਕਾਰ, ਫਿਲਮਕਾਰ, ਪ੍ਰਕਾਸ਼ਕ, ਮੀਡੀਆ ਕਰਮੀ, ਸੁਰਜੀਤ ਪਾਤਰ, ਲੀਲਾਧਰ ਜਗੂੜੀ, ਅਸ਼ੀਸ਼ ਨੰਦੀ, ਸ਼ੀਨ ਕਾਫ ਨਿਜ਼ਾਮ, ਅਭਿਰਾਜ ਨਰੇਂਦਰ ਮਿਸ਼ਰ, ਵਾਈ. ਡੀ. ਥੋਂਗਛੀ, ਅਰਜੁਨ ਦੇਵ ਚਾਰਣ, ਮੋਹਨ ਅਗਾਸ਼ੇ, ਕੇਤਨ ਮਹਿਤਾ, ਦਇਆ ਪ੍ਰਕਾਸ਼ ਸਿਨਹਾ, ਸੋਨਲ ਮਾਨ ਸਿੰਘ, ਜਤਿਨ ਦਾਸ, ਮਰੁਣਾਲ ਮਿਰੀ, ਅਤੁਲ ਤਿਵਾੜੀ, ਵੇਦ ਪ੍ਰਤਾਪ ਵੈਦਿਕ, ਅਲੋਕ ਮਹਿਤਾ, ਅਸ਼ੋਕ ਘੋਸ਼ ਆਦਿ ਪਹੁੰਚ ਰਹੇ ਹਨ।